# ਸਰਕਾਰ ਵਲੋਂ ਇਜਾਜ਼ਿਤ ਮਿਲਣ ਉਪਰੰਤ ਗੁਰਦੁਆਰਾ ਸਾਹਿਬ ਵਿਖੇ ਸੁਰੱਖਿਅਤ ਅਤੇ ਕਾਨੂੰਨੀ ਢੰਗ ਤਿਆਰੀ ਕਰਨ ਬਾਰੇ ਦਿਸ਼ਾ-ਨਿਰਦੇਸ਼:

11 ਮਈ 2020 ਨੂੰ ਸਰਕਾਰ ਵਲੋਂ ਪ੍ਰਕਾਸ਼ਿਤ ਰੋਡ ਮੈਪ (Road Map) ਤੋਂ ਇਹ ਸਪੱਸ਼ਟ ਸਮਝਿਆ ਜਾਂਦਾ ਹੈ ਕਿ ਗੁਰਦੁਆਰਿਆਂ ਦੀ ਸੇਵਾਵਾਂ ਨੂੰ ਮੁੜ ਬਹਾਲ ਕਰਨਾ ਵਖਰੇ ਵਖਰੇ ਪੜਾਅ ਤੇ ਇਕ ਹੌਲੀ ਪ੍ਰਕਿਰਿਆ ਹੋਵੇਗੀ ਜੋ ਕਿ ਵਿਗਿਆਨਕ ਉਦੇਸ਼ਾਂ, ਪਾਇਲਟ, ਟਾਸਕ ਫੋਰਸ ਦੇ ਕੰਮਾਂ ਅਤੇ ਦੂਸਰੇ ਦੇਸ਼ਾਂ ਤੋਂ ਸਿੱਖੇ ਸਬਕ ਦੇ ਅਧਾਰ ਤੇ ਸਰਕਾਰ ਵਲੋਂ ਦਿਤੇ ਗਏ ਨਿਰਦੇਸ਼ਾਂ ਅਨੁਸਾਰ ਹੋਵੇਗੀ। ਰੋਡ ਮੈਪ ਵਿਚ ਦਿਤੀ ਗਈ ਆਰਜ਼ੀ ਤਰੀਕ 4 ਜੁਲਾਈ ਹੈ। ਸਰਕਾਰ ਨੇ ਸੰਕੇਤ ਦਿਤਾ ਹੈ ਕਿ ਸਥਾਨਾਂ (ਜਿਵੇਂ ਗੁਰਦੁਆਰਿਆਂ) ਨੂੰ ਇਹ ਦਿਖਾਉਣਾ (ਸਿੱਧ ਕਰਨਾ) ਹੋਵੇਗਾ ਕਿ ਉਹ ਕੋਵਿਡ-19 ਸੁਰੱਖਿਅਤ ਹਨ – ਇਸ ਲਈ ਇਸ ਸ਼ਾਤ ਸਮੇਂ ਦੁਰਾਨ ਗੁਰਦੁਆਰਾ ਸਾਹਿਬ ਦੀਆਂ ਕਮੇਟੀਆਂ ਨੂੰ ਗੁਰਦੁਆਰਾ ਸਾਹਿਬ ਵਿਖੇ ਹਰ ਤਰ੍ਹਾਂ ਦੀ ਸਫ਼ਾਈ ਜਿਵੇਂ (Deep cleaning) ਅਤੇ ਹੋਰ ਸਜਾਵਟ ਆਦਿ ਕਰਨ ਦੇ ਲਈ ਉਸਾਰੂ ਕਦਮ ਚੁੱਕਣ ਦੀ ਲੋੜ ਹੈ।

**ਨਿੱਜੀ ਪ੍ਰਾਰਥਨਾ:**
ਕੁਝ ਸੰਕੇਤ ਹਨ ਕਿ 4 ਜੁਲਾਈ 2020 ਤੋਂ ਪਹਿਲਾਂ ਗੁਰਦੁਆਰਿਆਂ ਨੂੰ ਨਿੱਜੀ ਪ੍ਰਾਰਥਨਾ ਲਈ ਮੁੜ ਖੋਲ੍ਹਣ ਦੀ ਇਜਾਜ਼ਿਤ ਦਿਤੀ ਜਾ ਸਕਦੀ ਹੈ। ਇਸ ਦਾ ਮਤਲਵ ਇਹ ਹੈ ਕਿ ਸੰਗਤ ਦੇ ਮੈਂਬਰ ਪਾਠ ਸੁਣਨ ਲਈ ਆ ਸਕਦੇ ਹਨ। ਇਸ ਲਈ ਕਮੇਟੀਆਂ ਲਈ ਇਹ ਮਹੱਤਵਪੂਰਨ ਹੈ ਕਿ ਉਹ ਜਰੂਰੀ ਸਮਝਦੇ ਹੋਏ ਹੇਠਾਂ ਦਿਤੇ ਸੁਰੱਖਿਆ ਉਪਾਵਾਂ ਵਲ ਜਲਦੀ ਧਿਆਨ ਦੇਣ ਦੀ ਕ੍ਰਿਪਾਲਤਾ ਕਰਨ।

ਗੁਰਦੁਆਰਾ ਸਾਹਿਬ ਨੂੰ **ਕੋਵਿਡ-19** ਸੁਰੱਖਿਅਤ ਬਨਾਉਣ ਲਈ ਹੇਠਾਂ ਜੋ ਪ੍ਰਸਤਾਵ ਪੇਸ਼ ਕੀਤੇ ਗਏ ਹਨ ਉਹ ਗੁਰਦੁਆਰਾ ਸਾਹਿਬ ਵਿਖੇ ਨਿਯਮਤ (ਨੇਮ ਅਨੁਸਾਰ ਆਉਣ ਵਾਲੇ) ਸੇਵਾਦਾਰਾਂ ਅਤੇ ਜੋ ਤਨਖਾਹ ਤੇ ਕਰਮਚਾਰੀਆਂ ਪ੍ਰਤੀ ਰੋਗ ਫੈਲਣ ਦੇ ਖਤਰੇ ਨੂੰ ਘਟਾਉਣ ਅਤੇ ਉਹਨਾਂ ਦੀ ਦੇਖ-ਭਾਲ /ਸੰਭਾਲ ਨੂੰ ਅਧਾਰ ਬਣਾ ਕੇ ਪੇਸ਼ ਕੀਤੇ ਗਏ ਹਨ। ਇਥੇ ਦੇ ਅਕਾਰ ਵਿਚ ਭਿੰਨਤਾ ਦੇ ਨਾਲ ਨਾਲ ਗੁਰਦੁਆਰਾ ਸਾਹਿਬ ਦੀਆਂ ਸਹੂਲਤਾਂ ਨੂੰ ਵੀ ਧਿਆਨ ਗੋਚਰੇ ਰਖਿਆ ਗਿਆ ਹੈ। ਇਸ ਸ਼ੁਰੂਆਤੀ ਨਿਸ਼ਾ-ਨਿਰਦੇਸ਼ਾਂ ਨੂੰ ਤਿਆਰ ਕਰਨ ਸਮੇਂ ਅਸੀਂ ਸਰਕਾਰ ਵਲੋਂ ਕਾਰਜ-ਸਥਾਨਾਂ (workplaces) ਨੂੰ ਜਾਰੀ ਕੀਤੇ ਮਾਰਗ-ਦਰਸ਼ਨ, ਕਾਰੋਬਾਰਾਂ, ਦਫਤਰਾਂ ਅਤੇ ਉਦਯੋਗਾਂ ਤੋਂ ਮਿਲ ਰਹੀਆਂ ਉਦਾਹਰਣਾ ਦਾ ਵੀ ਧਿਆਨ ਰੱਖਿਆ ਹੈ।

**ਗੁਰਦੁਆਰਾ ਸਾਹਿਬ ਨੂੰ ਕੋਵਿਡ-19 ਤੋਂ ਸੁਰੱਖਿਅਤ ਕਰਨ ਲਈ ਖਤਰਿਆਂ ਦਾ ਮੁਲਾਂਕਣ ਅਤੇ ਪ੍ਰਕਿਰਿਆਵਾਂ:**
ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਖਤਰੇ ਦੇ ਮੁਲਾਂਕਣਾਂ ਦੇ ਰੀਕਾਰਡਾਂ ਨੂੰ ਰਖਿਆ ਜਾਵੇ ਅਤੇ ਇਹਨਾਂ ਦੀ ਪਾਲਣਾ ਕੀਤੀ ਜਾਣ ਵਾਲੀ ਪ੍ਰਕਿਰਿਆ ਨੂੰ ਸੌਖਾ ਸਮਝਣ ਲਈ ਅੰਗਰੇਜ਼ੀ ਅਤੇ ਪੰਜਾਬੀ ਦੋਨਾਂ ਇਸ਼ਤਿਹਾਰਾਂ ਵਿਚ ਤਿਆਰ ਕੀਤਾ ਜਾਵੇ। ਸੇਵਾਦਾਰਾਂ ਨੂੰ ਸ਼ੁਰੂ ਸ਼ੁਰੂ ਵਿਚ ਸੰਗਤਾਂ ਨੂੰ ਇਸ ਸਬੰਧੀ ਜ਼ਬਾਨੀ ਦਰਸਾਉਣ ਦੀ ਲੋੜ ਪਵੇਗੀ।

**ਅਰੋਗਤਾ ਬਾਰੇ (ਸਫਾਈ ਦੇ ਪ੍ਰਬੰਧ)**
ਕੋਵਿੱਡ-19 ਕਈ ਘੰਟਿਆਂ ਤੋਂ ਲੈ ਕੇ ਕਈ ਦਿਨਾਂ ਤੱਕ ਧਾਤ, ਲੱਕੜ, ਪਲਾਸਟਿੱਕ ਅਤੇ ਕਪੜਿਆਂ ਉਪਰ ਜੀਵਤ ਰਹਿ ਸਕਦੀ ਹੈ। ਇਹ ਸਰੀਰ ਵਿਚ ਜਿਆਦਾਤਰ ਅੱਖਾਂ, ਨੱਕ ਅਤੇ ਗਲੇ (ਸੰਘ) ਰਾਹੀਂ ਦਾਖਲ ਹੋ ਜਾਂਦੀ ਹੈ ਅਤੇ ਇਸ ਲਈ ਸਿਫਾਰਸ਼ ਕੀਤੀ ਗਈ ਸਲਾਹ ਅਨੁਸਾਰ ਮਾਸਕ ਪਾਉਣਾ, ਬਾਰ ਬਾਰ ਸਾਬਣ ਨਾਲ ਹੱਥ ਧੋਣੇ, ਰੋਗਾਣੂ ਮੁਕਤ ਕਰਨਾ, ਦਸਤਾਨੇ ਪਾਉਣਾ, ਚੇਹਰਾ ਢੱਕ ਕੇ ਰੱਖਣਾ ਅਤੇ ਮੂੰਹ (ਚਿਹਰੇ) ਨੂੰ ਆਦਤ ਅਨੁਸਾਰ ਬਾਰ ਬਾਰ ਨਾ ਛੋਹਣਾਂ ਜਾਂ ਸਪਰਸ਼ ਕਰਨਾ ਸ਼ਾਮਲ ਹਨ। ਇਸ ਲਈ ਜਿਸ ਜਗਾਹ (ਸਤਹ) ਨੂੰ ਪੂੰਝਣ ਵਿਚ ਮੁਸ਼ਕਲ ਪੇਸ਼ ਆਉਂਦੀ ਹੈ ਉਨ੍ਹਾਂ ਨੂੰ ਕੀਟਾਣੂਨਾਸ਼ਕ ਅਤੇ ਸਪਰੇਆਂ ਆਦਿ ਨਾਲ ਸਾਫ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਬਕਾਇਦਾ ਕਪੜਿਆਂ ਨੂੰ ਧੋਣ ਦੀ ਵੀ ਬਹੁਤ ਸਿਫਾਰਸ਼ ਕੀਤੀ ਜਾਂਦੀ ਹੈ।




**ਕਰਮਚਾਰੀਆਂ ਅਤੇ ਨਿਯਮਤ ਸੇਵਾਦਾਰਾਂ ਦੀ ਸੁਰੱਖਿਆ:**
ਕਰਮਚਾਰੀ ਅਤੇ ਸੇਵਾਦਾਰ ਜਿਨ੍ਹਾਂ ਦਾ ਸੰਗਤਾਂ ਨਾਲ ਵਧੇਰੇ ਸੰਪਰਕ ਹੈ ਅਤੇ ਜੋ ਜ਼ਿਆਦਾ ਸਮਾਂ ਗੁਰਦੁਆਰਾ ਸਾਹਿਬ ਵਿਖੇ ਰਹਿੰਦੇ ਹਨ ਉਨ੍ਹਾਂ ਨੂੰ ਮਾਸਕ ਪਾਉਣੇ ਚਾਹੀਦੇ ਹਨ ਅਤੇ ਉਨ੍ਹਾਂ ਵਾਸਤੇ ਡਿਸਪੋਜ਼ੇਬਲ ਦਸਤਾਨੇ, ਐਪਰਨ (ਜੋ ਇਕ ਬਾਰ ਵਰਤਣ ਤੋਂ ਬਾਅਦ ਸੁੱਟ ਦਿਤੇ ਜਾਣ), ਚਿਹਰੇ ਨੂੰ ਢਕਣ ਲਈ (Face Visor), ਹੱਥ ਧੋਣ ਲਈ ਸਾਬਣ (ਜਿਲ) ਆਦਿ ਦੀ ਸਹੂਲਤ ਦਾ ਪ੍ਰਬੰਧ ਹੋਣਾ ਚਾਹੀਦਾ ਹੈ।

**ਸੰਗਤ ਦੀ ਸੁਰੱਖਿਆ:**

ਗੁਰਦੁਆਰਾ ਸਾਹਿਬ ਦੇ ਅੰਦਰ ਆਉਣ ਵਾਲੀ ਸੰਗਤ ਦਾ ਤਾਪਮਾਨ (Temprature) ਮਾਪਣ /ਚੈਕ ਕਰਨ ਲਈ ਗੁਰਦੁਆਰਾ ਸਾਹਿਬ ਦੇ ਦਰਵਾਜੇ ਤੇ ਸੇਵਦਾਰ /ਸੇਵਾਦਾਰਾਂ ਦਾ ਹੋਣਾ ਜਰੂਰੀ ਹੈ । ਇਹ ਮਸ਼ੀਨ (ਯੰਤਰ) ਆਮ ਮਿਲ ਜਾਂਦੇ ਹਨ ਜਿਨ੍ਹਾਂ ਦੀ ਕੀਮਤ ਤਕਰੀਬਨ £50 ਹੈ । ਇਨ੍ਹਾਂ ਦੀ ਵਰਤੋਂ ਕਰਨੀ ਸੌਖੀ ਹੈ ਅਤੇ ਸੁਰੱਖਿਆ ਉਪਾਵਾਂ ਦਾ ਇਕ ਹਿੱਸਾ ਹਨ । ਸੇਵਾਦਾਰ ਨੂੰ ਆਪਣੀ ਹਿਫ਼ਾਜ਼ਤ ਲਈ ਦਸਤਾਨੇ, ਮਾਸਕ ਅਤੇ ਆਪਣਾ ਚਿਹਰਾ ਢੱਕ ਕੇ ਰੱਖਣ ਦੀ ਲੋੜ ਹੋਵੇਗੀ । ਅਸੀਂ ਗੁਰਦੁਆਰਿਆਂ ਨੂੰ ਇਹ ਵਸਤੂਆਂ ਘੱਟ ਕੀਮਤ ਤੇ ਹਾਸਲ ਕਰਨ (ਸਸਤੇ ਭਾਅ ਤੇ ਖ਼ਰੀਦਣ) ਵਿਚ ਮੱਦਦ ਕਰ ਸਕਦੇ ਹਾਂ ।

**ਆਵਾਜਾਈ**

ਸੰਗਤ ਨੂੰ ਗੁਰਦੁਆਰਾ ਸਾਹਿਬ ਦੇ ਇਕ ਰਸਤੇ ਰਾਹੀਂ ਅੰਦਰ ਪ੍ਰਵੇਸ਼ ਅਤੇ ਦੂਸਰੇ ਰਸਤੇ ਰਾਹੀਂ ਬਾਹਰ ਨਿਕਲਣਾ ਚਾਹੀਦਾ ਹੈ ਤਾਂ ਕੇ ਅੰਦਰ ਆਉਣ ਅਤੇ ਬਾਹਰ ਜਾਣ ਵਾਲੀ ਸੰਗਤ ਇਕ ਦੂਸਰੇ ਤੋਂ ਦੂਰ ਰਹਿ ਸਕੇ । ਹੋ ਸਕਦਾ ਹੈ ਕਿ ਕਈ ਗੁਰਦੁਆਰਿਆਂ ਨੂੰ ਅੱਗ ਲੱਗਣ ਸਮੇਂ ਵਰਤੇ ਜਾਣ ਵਾਲੇ ਨਿਕਾਸੀ ਰਸਤਿਆਂ (ਐਮਰਜੈਂਸੀ ਬਾਹਰ ਜਾਣ ਵਾਲੇ ਦਰਵਾਜਿਆਂ) ਦੀ ਵਰਤੋਂ ਕਰਨੀ ਪਵੇ ਅਤੇ ਪੌੜੀਆਂ ਨੂੰ ਵੀ ਇਕ ਸਮੇਂ ਇਕ ਹੀ ਦਿਸ਼ਾ ਵਲ ਜਾਣ ਲਈ ਵਰਤਿਆ ਜਾਵੇ । ਜੇ ਸੰਗਤ ਉੱਪਰ ਜਾ ਰਹੀ ਹੈ ਤਾਂ ਥੱਲੇ ਆਉਣ ਵਾਲੇ ਜਾਂ ਤਾਂ ਦੂਸਰੀਆਂ ਪੌੜੀਆਂ (ਜੇਕਰ ਹਨ) ਉਨ੍ਹਾਂ ਦੀ ਵਰਤੋਂ ਕਰਨ ਨਹੀਂ ਤਾਂ ਬਾਅਦ ਵਿਚ ਥੱਲੇ ਆਉਂਣ । ਗੁਰਦੁਆਰਾ ਸਾਹਿਬ ਅੰਦਰ ਦਾਖਲ ਹੋਣ, ਮੱਥਾ ਟੇਕਣ ਲਈ ਕਤਾਰ ਵਿਚ ਖੜ੍ਹੇ ਹੋਣ ਅਤੇ ਦਰਬਾਰ ਹਾਲ ਵਿਚ ਬੈਠਣ ਸਮੇਂ ਸਮਾਜਿਕ ਦੂਰੀ (ਇਕ ਦੂਜੇ ਤੋਂ ਦੂਰੀ) ਰੱਖਣ ਲਈ ਫਰਸ਼ ਉਪਰ ਨਿਸ਼ਾਨ ਜਾਂ ਕਾਰਪਿੱਟ ਤੇ ਟੇਪ ਆਦਿ ਲਗਾਈ ਜਾਣੀ ਚਾਹੀਦੀ ਹੈ । ਆਵਾਜਾਈ ਲਈ (ਦਰਬਾਰ ਹਾਲ)ਵਿਚ ਇਕ ਜਗਾਹ ਤੋਂ ਦੂਸਰੀ ਜਗਾਹ ਸੁਰੱਖਿਅਤ ਜਾਣ ਲਈ ਅਤੇ ਵਾਪਿਸ ਬਾਹਰ ਜਾਣ ਲਈ ਫਰਸ਼ ਤੇ ਨਿਸ਼ਾਨ ਜਾਂ ਸਕਰੀਨਾਂ ਵੀ ਲੋੜ ਪੈ ਸਕੇਗੀ ।

**ਇਕ ਹੀ ਪਰਿਵਾਰ ਦੇ ਮੈਂਬਰ:**

ਸਮਾਜਿਕ ਦੂਰੀ ਦੇ ਸੰਦਰਭ ਵਿਚ ਇਕ ਹੀ ਪਰਿਵਾਰ ਦੇ ਮੈਂਬਰ ਇਕੱਠੇ ਰਹਿ ਸਕਦੇ ਹਨ । ਇਹ ਸਲਾਹ ਲੌਕਡਾਉਨ ਵਿਚ ਢਿੱਲ਼ ਕਰਨ ਦੇ ਸੰਦਰਭ ਵਿਚ ਕਿ ਕਿਵੇਂ ਦੇਸ਼ ਵਿਚ ਲਾਗ ਦੀ ਦਰ ਨੂੰ ਕੰਟਰੋਲ ਕਰਨ ਲਈ ਕੀ ਹੋ ਰਿਹਾ ਹੈ ।

**ਚੌਰ ਸਾਹਿਬ:**

ਸਮੇਂ ਸਮੇਂ ਤੇ ਚੌਰ ਸਾਹਿਬ ਦੇ ਹੈਂਡਲ ਨੂੰ ਸਾਫ ਕਰਨ ਦੀ ਲੋੜ ਪਵੇਗੀ, ਕਿਉਂਕਿ ਚੌਰ ਸਾਹਿਬ ਨੂੰ ਵੱਖ-ਵੱਖ ਸੇਵਾਦਾਰਾਂ ਰਾਹੀਂ ਵਰਤਿਆ ਜਾਣਾ ਹੈ ।

**ਮੱਥਾ ਟੇਕਣਾ:**

ਇਨ੍ਹਾਂ ਹਾਲਾਤਾਂ ਵਿਚ ਜਦ ਕਿ ਲਾਗ/ਕੀਟਾਣੂ (Infection) ਫੈਲਣ ਦਾ ਖਤਰਾ ਹੈ ਤਾਂ ਇਹ ਸਲਾਹ ਦਿਤੀ ਜਾਂਦੀ ਹੈ ਕਿ ਨਮਸਕਾਰ ਖੜ੍ਹੇ ਹੋ ਕੇ ਹੀ ਕਰ ਲਈ ਜਾਵੇ । ਦੂਸਰਾ ਬਦਲ (ਤਰੀਕਾ) ਇਹ ਹੈ ਕਿ ਮੱਥਾ ਟੇਕਣ ਵਾਲੀ ਜਗਾਹ ਤੇ ਕੁਝ ਅਜਿਹਾ ਵਛਾਇਆ ਜਾਵੇ ਜਿਵੇਂ ਕਿ ਪਲਾਸਟਿਕ ਦੀ ਸ਼ੀਟ ਜੋ ਕਿ ਸੇਵਾਦਾਰ ਵਲੋਂ ਕੀਟਾਣੂ/ ਜਰਮ-ਨਾਸ਼ਕ ਦੀਵਾਈਆ ਨਾਲ ਲਗਾਤਾਰ ਸਾਫ ਕੀਤਾ ਜਾ ਸਕਦਾ ਹੋਵੇ ।

**ਪਰਸ਼ਾਦ/ਦੇਗ:**

ਪਰਸਾਦ ਦੇਣ ਵਾਲੇ ਸੇਵਦਾਰ ਨੂੰ ਆਪਣੀ ਅਤੇ ਸੰਗਤ ਦੀ ਸੁਰੱਖਿਆ ਵਾਸਤੇ ਮਾਸਕ ਦੀ ਵਰਤੋਂ ਕਰਨੀ ਚਾਹੀਦੀ ਹੈ ।

**ਲੰਗਰ:**

ਆਮ ਤੌਰ ਤੇ ਗੁਰਦੁਆਰਾ ਸਾਹਿਬ ਵਿਚ ਧਾਤ ਦੇ ਭਾਂਡਿਆਂ (ਜਿਵੇਂ ਚਿਮਚੇ, ਗਲਾਸ ਅਤੇ ਥਾਲੀਆਂ ਆਦਿ) ਦੀ ਵਰਤੋਂ ਕੀਤੀ ਜਾਂਦੀ ਹੈ ਜਿਸ ਕਰਕੇ ਲੰਗਰ ਬਣਾਉਣ ਅਤੇ ਵਰਤਾਉਣ ਦੀ ਪ੍ਰਕਿਰਿਆ ਵਿਚ ਕਾਫੀ ਖਤਰਾ ਹੋ ਸਕਦਾ ਹੈ । ਇਸ ਕਰਕੇ ਲੰਗਰ ਵਰਤਾਉਣ ਵਾਲੇ ਕਾਊਂਟਰ ਤੇ ਇਕ ਸਕਰੀਨ ਲਗਾਇਆ ਜਾਣਾ ਚਾਹੀਦਾ ਹੈ । ਲੰਗਰ ਹਾਲ ਵਿਚ ਵੀ ਕਤਾਰ ਵਿਚ ਖੜ੍ਹਨ ਲਈ ਅਤੇ ਬੈਠ ਕੇ ਲੰਗਰ ਛੱਕਣ ਲਈ ਦੂਰੀ ਰੱਖਣ ਦੇ ਨਿਸ਼ਾਨ ਲਗਾ ਦੇਣੇ ਚਾਹੀਦੇ ਹਨ । ਸੇਵਾਦਾਰਾਂ ਨੂੰ ਵੀ ਦਸਤਾਨੇ ਅਤੇ ਐਪਰਨ ਆਦਿ ਪਾਉਣ ਲਈ ਬੇਨਤੀ ਕੀਤੀ ਜਾਵੇ ਜੋ ਕਿ ਵਰਤਣ ਉਪਰੰਤ ਸੁੱਟ ਦੇਣੇ ਚਾਹੀਦੇ ਹਨ । ਉਨ੍ਹਾਂ ਸੇਵਾਦਾਰਾਂ ਨੂੰ ਮੂੰਹ (ਚਿਹਰਾ) ਵੀ ਢੱਕ ਕੇ ਰੱਖਣਾ ਹੋਵੇਗਾ। ਦਸੂਰਾ ਤਰੀਕਾ ਇਹ ਵੀ ਹੋ ਸਕਦਾ ਹੈ ਕਿ ਰੋਟੀ ਵਿਚ ਸਬਜ਼ੀ (ਰੈਪ Wraps) ਤਿਆਰ ਕਰਕੇ ਪੇਪਰ ਵਿਚ ਲਪੇਟੇ ਜਾਣ ਜਿੰਨ੍ਹਾਂ ਨੂੰ ਲੰਗਰ ਹਾਲ ਵਿਚ ਵੀ ਛਕ ਸਕਦੇ ਹਾਂ ਅਤੇ ਬਾਹਰ ਵੀ ਲੈ ਕੇ ਜਾ ਸਕਦੇ ਹਾਂ ।

ਦੂਸਰਾ ਇਕ ਹੋਰ ਧਿਆਨ ਗੋਚਰੇ ਲਿਆਉਣ ਵਾਲੀ ਗਲ ਹੈ ਕਿ ਟੋਆਇਲਿਟ ਜਾਣ ਸਮੇਂ, ਜੋੜੇ ਲਾਹੁਣ /ਪਾਉਣ ਅਤੇ ਸਿੰਕ ਤੇ ਹੱਥ ਧੋਣ ਸਮੇਂ ਵੀ ਸਮਾਜਿਕ ਦੂਰੀ ਦਾ ਖਿਆਲ ਰਖਿਆ ਜਾਵੇ । ਇਹ ਵੱਖਰੀ ਗਲ ਹੈ ਕਿ ਹਰ ਇਕ ਗੁਰਦੁਆਰਾ ਸਾਹਿਬ ਵਿਖੇ ਵੱਖਰੇ ਵੱਖਰੇ ਤਰੀਕੇ ਨਾਲ ਸੁਵਿਧਾਵਾਂ ਉਲੱਬਧ ਹਨ ਪਰ ਅਸੂਲ ਇਕ ਹੀ ਹੈ । ਕਈ ਹਾਲਾਤਾਂ ਵਿਚ, ਸਕਰੀਨ ਲਾਉਣ ਤੋਂ ਇਲਾਵਾ ਇਨ੍ਹਾਂ

ਜਗਾਹ ਉਪਰ ਕਤਾਰ ਲਈ ਅਤੇ ਆਵਾਜਾਈ ਰਸਤੇ ਬਨਾਉਣ ਲਈ ਨਿਸ਼ਾਨ ਲਾਉਣੇ ਪੈਣਗੇ । ਸਾਰੇ ਤੌਲੀਏ ਵਗੈਰਾ ਚੁੱਕ ਲੈਣੇ ਚਾਹੀਦੇ ਹਨ ਅਤੇ ਉਨ੍ਹਾਂ ਦੀ ਜਗਾਹ ਕਾਗਜ਼ੀ ਤੌਲੀਏ (Paper Towels) ਰੱਖੇ ਜਾਣ । ਹਵਾ ਡਰਾਇਰਾਂ (Air Dryers) ਲਗਾਉਣ ਦੀ ਸਿਫਾਰਸ਼ ਨਹੀਂ ਕੀਤੀ ਜਾਂਦੀ ਕਿਉਂਕਿ ਉਹ ਹਵਾ ਵਿਚ ਪਾਣੀ ਦਾ ਛੜਕਾ ਕਰਦੇ ਹਨ ਅਤੇ ਕਈ ਵਾਰੀ ਪੂਰੀ ਤਰ੍ਹਾਂ ਹੱਥ ਨਹੀਂ ਸਕਾਉਂਦੇ ਜਿਸ ਕਰਕੇ ਲੋਕੀ ਅੱਧ ਗਿਲੇ ਹੱਥ ਹੀ ਆਪਣੇ ਕਪੜਿਆਂ ਨਾਲ ਪੂੰਝ ਲੈਂਦੇ ਹਨ । ਸਾਬਣ ਸਿਰਫ ਤਰਲ ਰੂਪ (Liquid form) ਅਤੇ ਆਦਰਸ਼ਕ ਤੌਰ ਤੇ ਜਰਮ-ਮਾਰੂ/ਜੀਵਾਣੂ-ਨਾਸ਼ਕ ਹੋਣਾ ਚਾਹੀਦਾ ਹੈ । ਪਖਾਨੇ (ਟੋਆਇਲਿਟ) ਜਾਣ ਲਈ ਅਤੇ ਟੋਅਇਲਟਾਂ ਵਿਚ ਵੀ ਨਿਸ਼ਾਨ ਅਤੇ ਸਕਰੀਨ ਲਗਾਏ ਜਾਣ ਅਤੇ ਇਕੋ ਸਮੇਂ ਟੋਆਇਲਟ ਜਾਣ ਵਾਲਿਆਂ ਦੀ ਗਿਣਤੀ ਵੀ ਸੀਮਤ ਹੋਣੀ ਚਾਹੀਦੀ ਹੈ ।

**ਹੱਥ ਸਾਫ ਕਰਨ ਲਈ ਸੈਨਿਟਾਈਜ਼ਰਜ਼:**
ਵੈਸੇ ਤਾਂ ਸੰਗਤ ਦੇ ਮੈਂਬਰਾਂ ਕੋਲ ਆਪੋ ਆਪਣੇ ਹੋਣੇ ਚਾਹੀਦੇ ਹਨ ਪਰ ਫਿਰ ਵੀ ਗੁਰਦੁਆਰਾ ਸਾਹਿਬ ਵਲੋਂ ਸੰਗਤਾਂ ਵਾਸਤੇ ਲੋੜ ਪੈਣ ਤੇ ਉਪਲਬਧ ਹੋਣੇ ਚਾਹੀਦੇ ਹਨ ਤਾਂ ਕਿ ਜੋੜੇ ਲਾਹੁਣ ਉਪਰੰਤ ਹੱਥ ਧੋਣ ਸਮੇਂ ਉਹ ਵਰਤ ਸਕਣ ।

**ਚਿਹਰੇ ਵਾਸਤੇ ਮਾਸਕ ਅਤੇ ਸੰਗਤ**
ਸੰਗਤ ਦੇ ਸਾਰੇ ਮੈਂਬਰਾਂ ਨੂੰ ਆਪਣਾ ਮੂੰਹ/ਚਿਹਰਾ ਢੱਕ ਕੇ ਰੱਖਣ ਦੀ ਲੋੜ ਹੋਵੇਗੀ । ਸਿੱਖਾਂ ਲਈ ਜਿਨ੍ਹਾਂ ਨੇ ਦਾਹੜੀ ਰੱਖੀ ਹੋਈ ਹੈ ਉਨ੍ਹਾਂ ਵਾਸਤੇ ਵੀ ਖਾਸ ਮਾਸਕ ਬਣਾਏ ਗਏ ਹਨ ਜੋ ਪੂਰੀ ਤਰ੍ਹਾਂ ਫਿੱਟ ਹੋ ਜਾਂਦੇ ਹਨ । ਇਹ ਘਰਾਂ ਵਿਚ ਹੀ ਬਣਾਏ ਗਏ ਹਨ । ਇਸ ਦੀ ਜਾਣਕਾਰੀ ਵੀ ਮਿਲ ਸਕਦੀ ਹੈ

**ਪੀ ਪੀ ਈ (Personal Protective Equipment)**
ਜੇ ਕਿਸੇ ਗੁਰਦੁਆਰਾ ਸਾਹਿਬ ਨੂੰ **ਪੀਪੀਈ (PPE)** ਦੀ ਲੋੜ ਹੋਵੇ ਤਾਂ ਉਹ ਸਸਤੇ ਭਾਅ ਤੇ ਖ਼ੀਦਣ ਲਈ ਸੰਪਰਕ ਕਰ ਸਕਦੇ ਹਨ ।

**ਸਾਵਧਾਨੀ:**
ਇਹ ਸੰਭਵ ਹੈ ਕਿ ਕੁਝ ਵਿਅਕਤੀ ਵਿਸ਼ੇਸ਼ ਅਤੇ ਕੰਪਨੀਆਂ ਗੁਰਦੁਅਰਿਆਂ ਨੂੰ PPE ਅਤੇ ਸਫਾਈ ਲਈ ਫੌਗਿੰਗ ਮਸ਼ੀਨਾ ਦੀ ਪੇਸ਼ਕਸ਼ ਕਰ ਰਹੇ ਹੋਣਗੇ । ਇਹ ਜਾਂਚ ਕਰਨੀ ਮਹੱਤਵਪੂਰਨ ਹੈ ਕਿ ਸਫਾਈ ਲਈ ਕਿਹੜੇ ਰਸਾਇਣਾਂ ਦੀ ਵਰਤੋਂ ਕੀਤੀ ਜਾ ਰਹੀ ਹੈ । ਉਸ ਕਿਹੜੀ ਰਹਿੰਦ-ਖੂੰਹਦ ਪਿਛੇ ਰਹਿ ਜਾਂਦੀ ਹੈ ਅਤੇ ਇਸ ਦਾ ਲੰਬੇ ਸਮੇਂ ਲਈ ਕੀ ਅਸਰ ਹੋਵੇਗਾ । COSH (Control of Substance Hazards) ਦੇ ਵੇਰਵੇ ਬਾਰੇ ਪੁਛੋ ਅਤੇ ਸਾਰੇ ਖਰਚੇ ਬਾਰੇ ਜਾਣਕਾਰੀ ਲਵੋ । ਐਲਰਜੀ ਅਤੇ ਸਾਹ ਦੀਆਂ ਬੀਮਾਰੀਆਂ ਤੋਂ ਪੀੜਤ ਲੋਕਾਂ ਤੇ ਇਸ ਦੇ ਸੰਭਵ ਅਸਰ ਕੀ ਪਵੇਗਾ । ਇਕ ਬਾਰ ਫਿਰ ਹੈਂਡ ਜਿਲ ਅਤੇ ਮਾਸਕ ਦੀਆਂ ਕੀਮਤਾਂ ਅਤੇ ਕੁਆਲਿਟੀ ਦਾ ਵੀ ਖਿਆਲ ਰਖਣਾ ਚਾਹੀਦਾ ਹੈ ।

**ਵਿੱਤੀ ਮੁੱਦੇ:**
ਕੁੱਝ ਗੁਰਦੁਅਰਿਆਂ ਨੇ ਪਹਿਲਾਂ ਹੀ ਖਰਚੇ ਘੱਟ ਕਰਨ ਅਤੇ ਬਿੱਲ, ਬੈਂਕ ਕਰਜ਼ਿਆਂ ਆਦਿ ਲਈ ਰਾਹਤ ਜਾਂ ਮੁਲਤਵੀ ਭੁਗਤਾਨ ਕਰਨ ਦੀ ਮੰਗ ਲਈ ਕਦਮ ਚੁੱਕੇ ਹਨ । ਇਸ ਤੋਂ ਇਲਾਵਾ ਉਹ ਗਿਫਟ ਏਡ ਦਾ ਵੀ ਲਾਭ ਉਠਾ ਰਹੇ ਹਨ ਅਤੇ ਫੰਡ ਇਕੱਠਾ ਕਰਨ ਦੀ ਵੀ ਸ਼ੁਰੂਆਤ ਕਰ ਰਹੇ ਹਨ । ਇਸ ਤਰ੍ਹਾਂ ਚੰਗੇ ਯਤਨਾਂ ਦੀਆਂ ਕਈ ਉਦਾਹਰਣਾ ਹਨ ਜੇ ਲੋੜ ਸਮਝੋ ਤਾਂ ਹੋਰ ਵੀ ਸਲਾਹ ਮਿਲ ਸਕਦੀ ਹੈ ।

ਸੁਰਿੰਦਰ ਸਿੰਘ ਜੰਡੂ
ਮੁੱਖ ਸੇਵਾਦਾਰ
ਕੌਂਸਲ ਔਫ ਗੁਰਦੁਆਰਾਜ਼ ਸਾਊਥ ਈਸਟ

ਬਲਦੇਵ ਸਿੰਘ ਬੈਂਸ
ਕਨਵੀਨਰ
ਸਿੱਖ ਸਟੱਡੀ ਫ਼ੋਰਮ

ਸਿੱਖ ਹੈਪ ਲਾਈਨ:
ਟੈਲੀਫੋਨ: 07999 004 363 or 0845 644 0704